# ਦਫ਼ਤਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ।

ਵੱਲ

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਗੜ੍ਹਦੀਵਾਲਾ।

ਪੱਤਰ ਨੰ: ਡਡਸਸ-2017/ 9108
ਮਿਤੀ : 3-5-17

ਵਿਸ਼ਾ: ਸਾਲ 2017-2018 ਦਾ ਬਜਟ ਅਨੁਮਾਨ ਪਾਸ ਕਰਨ ਸਬੰਧੀ।

ਹਵਾਲਾ : ਆਪ ਦੇ ਦਫ਼ਤਰ ਦੇ ਪੱਤਰ ਨੰ: 353 ਮਿਤੀ 17.04.2017 ਦੇ ਸਬੰਧ ਵਿੱਚ।

ਨਗਰ ਕੌਂਸਲ, ਗੜ੍ਹਦੀਵਾਲਾ ਦੇ ਬਜਟ ਸਾਲ 2017-2018 ਦੀ ਪ੍ਰਵਾਨਗੀ ਪੰਜਾਬ ਮਿਉਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਹੇਠ ਲਿਖਿਆਂ ਸ਼ਰਤਾਂ/ਪ੍ਰੇਖਨਾਵਾਂ ਸਹਿਤ ਦਿੱਤੀ ਜਾਂਦੀ ਹੈ:-

Acctt
3/5/17

1. **ਆਮਦਨ:-**

| ਲੜੀ ਨੰ: | ਮੱਦ ਦਾ ਨਾਮ | ਸਾਲ 2017-2018 ਲਈ ਪ੍ਰਵਾਨ ਕੀਤੀ ਗਈ ਬਜਟਿਡ ਆਮਦਨ (ਲੱਖਾਂ ਵਿਚ) |
|---|---|---|
| 1 | ਚੁੰਗੀ/ਵੈਟ | 110.00 |
| 2 | ਪ੍ਰਾਪਰਟੀ ਟੈਕਸ | 18.00 |
| 3 | ਵਾਟਰ ਸਪਲਾਈ ਅਤੇ ਸੀਵਰੇਜ਼ | 8.00 |
| 4 | ਰੈਂਟ ਅਤੇ ਤਹਿਬਜਾਰੀ | 11.00 |
| 5 | ਬੱਸ ਅੱਡਾ ਫੀਸ | 0.00 |
| 6 | ਐਕਸਾਈਜ਼ ਡਿਊਟੀ. | 65.00 |
| 7 | ਬਿਲਡਿੰਗ ਐਪਲੀਕੇਸ਼ਨ ਫੀਸ | 5.00 |
| 8 | ਬਿਜਲੀ ਤੇ ਚੁੰਗੀ | 10.00 |
| 9 | ਸੇਲ ਆਫ ਲੈਂਡ | 0.00 |
| 10 | ਮਨੋਰੰਜਨ ਕਰ | 0.00 |
| 11 | ਵਿਗਿਆਪਨ ਕਰ | 0.00 |
| 12 | ਲਾਇਸੰਸ ਫੀਸ | 0.50 |
| 13 | ਫਾਇਰ ਸੈਸ | 1.00 |
| 14 | ਐਡਵਰਟਾਈਜਮੈਂਟ ਟੈਕਸ | 1.00 |
| 15 | ਹੋਰ ਸਾਧਨ | 6.00 |
| | **ਕੁੱਲ ਆਮਦਨ** | **235.50** |

2. **ਖਰਚਾ**

ੳ) ਅਮਲਾ :- ਸਾਲ **2017-18** ਲਈ ਅਮਲੇ ਤੇ ਖਰਚੇ ਦੀ ਮੱਦ ਅਧੀਨ **122.00** ਲੱਖ ਰੁਪਏ ਦੀ ਰਕਮ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੋ ਕਿ ਬਜਟਿਡ ਆਮਦਨ ਦਾ 52% ਬਣਦਾ ਹੈ। ਬਜਟ ਸਾਲ **2017-18** ਵਿਚ ਕਿਸੇ ਵੀ ਨਵੀਂ ਅਸਾਮੀ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਨਵੀਂ ਆਸਾਮੀ ਦੀ ਰਚਨਾ ਕਰਨ ਲਈ ਤਜ਼ਵੀਜ ਵੱਖਰੇ ਤੌਰ ਤੇ ਸਰਕਾਰ ਦੀ ਪ੍ਰਵਾਨਗੀ ਲਈ ਭੇਜੀ ਜਾਵੇ।

ਅ) ਕੰਟਨਜੈਂਸੀ ਤੇ ਖਰਚ :- ਸਾਲ **2017-18** ਲਈ ਕੰਟਨਜੈਂਸੀ ਤੇ ਖਰਚ ਦੀ ਮੱਦ ਅਧੀਨ **6.00** ਲੱਖ ਰੁਪਏ ਦੀ ਰਕਮ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੋ ਕਿ ਬਜਟਿਡ ਆਮਦਨ ਦਾ 3% ਬਣਦਾ ਹੈ, ਮੱਦਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਸਾਲ 2017-2018 ਲਈ ਪ੍ਰਵਾਨ ਕੀਤੀ ਗਈ ਬਜਟਿਡ ਆਮਦਨ (ਲੱਖਾਂ ਵਿਚ) |
|---|---|---|
| 1 | ਸਟੇਸ਼ਨਰੀ | 1.00 |
| 2 | ਬਿਜਲੀ ਦੇ ਬਿੱਲ | 0.50 |
| 3 | ਪੀ.ਓ.ਐਲ. ਅਤੇ ਗੱਡੀਆ ਦਾ ਰੱਖ ਰਖਾਵ | 2.00 |
| 4 | ਟੈਲੀਫੋਨ | 0.50 |
| 5 | ਕਰਮਚਾਰੀਆਂ ਨੂੰ ਵਰਦੀਆਂ | 0.00 |
| 6 | ਕੰਪਿਊਟਰ ਦੀ ਖਰੀਦ/ਟ੍ਰੇਨਿੰਗ | 0.50 |
| 7 | ਬਿਲਡਿੰਗ ਰੈਂਟ | 0.00 |
| 8 | ਹੋਰ ਖਰਚੇ | 1.50 |
| | ਕੁੱਲ ਖਰਚਾ | **6.00** |

ੲ) ਵਿਕਾਸ ਦੇ ਕੰਮਾਂ ਤੇ ਖਰਚ :- ਸਾਲ 2017-18 ਦੇ ਬਜਟ ਵਿਚ ਵਿਕਾਸ ਦੇ ਕੰਮਾਂ ਲਈ 107.50 ਲੱਖ ਰੁਪਏ ਦੀ ਰਕਮ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੋਕਿ ਬਜਟ ਦਾ 51% ਬਣਦਾ ਹੈ। ਮੱਦਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਕਮੀਟਿਡ ਖਰਚਾ (A)**

| ਲੜੀ ਨੰ: | ਮੱਦ ਦਾ ਨਾਮ | ਬਜਟ ਸਾਲ 2017-18 ਵਿੱਚ ਪ੍ਰਵਾਨਤ ਖਰਚਾ |
|---|---|---|
| 1 | ਕਰਜਿਆ ਦੀ ਮੁੜ ਅਦਾਇਗੀ | 0.00 |
| | ੳ) ਸਰਕਾਰੀ ਕਰਜੇ | 0.00 |
| | ਅ) ਹੁਡਕੋ ਤੇ ਐਲ.ਆਈ.ਸੀ. ਦੇ ਕਰਜੇ | 3.00 |
| | ੲ) ਬੈਂਕਾ ਦੇ ਕਰਜੇ | 0.00 |
| | ਸ) ਹੋਰ ਕਰਜੇ (ਯੂ.ਐਲ.ਬੀਜ.ਤੋਂ) | 0.00 |
| | ਕੁੱਲ | **3.00** |
| 2 | ਬਿਜਲੀ ਦੇ ਬਿੱਲਾਂ ਦੀ ਅਦਾਇਗੀ | 0.00 |
| | ੳ) ਸਟਰੀਟ ਲਾਈਟ ਦੇ ਬਿੱਲ | 15.00 |
| | ਅ) ਟਿਊਬਲਾ ਦੇ ਬਿੱਲ | 22.00 |
| | ੲ) ਐਮ.ਸੀ. ਦੀ ਬਿਲਡਿੰਗ ਦੇ ਬਿੱਲ | 0.00 |
| 3 | ਬਿਜਲੀ ਦੇ ਰੱਖਰਖਾਵ ਤੇ ਖਰਚਾ | 2.00 |
| 4 | ੳ) ਵ/ਸ.ਤੇ ਸੀਵਰੇਜ਼ ਦਾ ਰੱਖਰਖਾਵ | 2.00 |
| | ਅ) ਪਵਸਸਬ ਦੀਆਂ ਦੇਣਦਾਰੀਆਂ | 0.00 |
| 5 | ਸੀ.ਵੀ.ੳ.ਦਫ਼ਤਰ ਦੀ ਉਸਾਰੀ ਲਈ | 0.00 |
| 6 | ਐਮ.ਸੀ. ਦੀ ਬਿਲਡਿੰਗ ਦੀ ਉਸਾਰੀ ਲਈ | 0.00 |
| 7 | ਡਾਇਰੈਕਟੋਰੇਟ ਚਾਰਜਿਜ, ਮਿਉਂਸਪਲ ਚੋਣ ਦਫ਼ਤਰ ਦੇ ਚਾਰਜਿਜ, ਆਡਿਟ ਫੀਸ ਆਦਿ | 1.45 |
| 8 | ਸਫ਼ਾਈ ਦਾ ਠੇਕਾ | 18.00 |
| | ਕੁੱਲ ਨਾਨ ਕਮੀਟਿਡ ਖਰਚਾ "A" | **63.45** |

**ਨਾਨ-ਕਮੀਟਿਡ ਖਰਚਾ (B)**

| ਲੜੀ ਨੰ: | ਮੱਦ ਦਾ ਨਾਮ | ਬਜਟ ਸਾਲ 2017-18 ਵਿੱਚ ਪ੍ਰਵਾਨਤ ਖਰਚਾ |
|---|---|---|
| 1 | ਨਵੀਂਆਂ ਸੜਕਾ ਦੀ ਉਸਾਰੀ | 0.00 |
| 2 | ਪੁਰਾਣੀਆਂ ਸੜਕਾ ਦੀ ਰਿਪੇਅਰ | 0.00 |
| 3 | ਨਵੀਂਆਂ ਗਲੀਆਂ/ਨਾਲੀਆਂ ਦੀ ਉਸਾਰੀ | 16.00 |
| 4 | ਪੁਰਾਣੀਆਂ ਗਲੀਆਂ/ਨਾਲੀਆਂ ਦੀ ਰਿਪੇਅਰ | 15.00 |
| 5 | ਸੀ.ਸੀ. ਫਲੋਰਿੰਗ | 0.00 |
| 6 | ਨਵੀਂ ਵ/ਸ ਲਾਇਨਾ ਵਾਸਤੇ | 0.00 |
| 7 | ਨਵੀਂ ਸੀਵਰੇਜ਼ ਵਾਸਤੇ | 0.00 |

| | | |
|---|---|---|
| 8 | ਸਲੱਮਜ ਦੇ ਸੁਧਾਰ ਲਈ | 1.00 |
| 9 | ਮਸ਼ੀਨਰੀ ਦੀ ਖਰੀਦ ਲਈ | 0.00 |
| 10 | ਕਰਮਚਾਰੀਆਂ ਨੂੰ ਕਰਜੇ ਦੇਣ ਵਾਸਤੇ | 0.00 |
| 11 | ਸੋਲਿਡ ਵੇਸਟ | 3.00 |
| 12 | ਹੋਰ ਫੁੱਟਕਲ ਕੰਮਾ ਵਾਸਤੇ | 6.05 |
| 13 | ਪਾਰਕ ਅਤੇ ਗਰੀਨਰੀ ਲਈ | 2.00 |
| 14 | ਅਵਾਰਾ ਪਸ਼ੂਆਂ/ਅਵਾਰਾ ਕੁੱਤਿਆਂ ਦੇ Redium Reflector ਟੇਪ ਪਾਉਣ ਦਾ ਖਰਚ | 1.00 |
| | ਕੁੱਲ ਨਾਨ ਕਮੀਟਿਡ ਖਰਚਾ "B" | **44.05** |
| | ਕੁੱਲ ਕਮੀਟਿਡ ਅਤੇ ਨਾਨ ਕਮੀਟਿਡ ਖਰਚਾ "A+B" | **107.50** |

**ਸਾਲ 2017-18 ਦੇ ਬਜਟ ਦੀ ਪੋਜੀਸ਼ਨ ਹੇਠ ਲਿਖੇ ਅਨੁਸਾਰ ਹੈ :-**

| | |
|---|---|
| ਮੁੱਢਲਾ ਬਕਾਇਆ | 44.48 |
| ਆਮਦਨ | 235.50 |
| **ਕੁੱਲ ਜੋੜ** | **279.98** |

**ਖਰਚਾ :-**

| | | |
|---|---|---|
| ੳ) | ਅਮਲਾ | 122.00 |
| ਅ) | ਕੰਟਨਜੈਂਸੀ | 6.00 |
| ੲ) | ਵਿਕਾਸ ਦੇ ਕੰਮ | 107.50 |
| ਸ) | ਕੁੱਲ ਖਰਚਾ | **235.50** |
| ਹ) | ਅੰਤਿਮ ਬਕਾਇਆ | 44.48 |

**ਬਜਟ ਸਾਲ 2017-2018 ਦੌਰਾਨ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਗਾਈਡ-ਲਾਈਨਜ਼ ਅਨੁਸਾਰ ਹੇਠ ਲਿਖੇ ਅਨੁਸਾਰ ਕਾਰਜ ਸਾਧਕ ਅਫਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ :-**

1. ਸਰਕਾਰ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਵੱਲੋਂ ਪਾਸ ਕੀਤੇ ਗਏ ਹੁਕਮ ਜਿਵੇਂ ਕਿ ਸੋਲਿਡ ਵੇਸਟ ਲਈ ਵਿਕਾਸ ਬਜਟ ਦਾ 10% ਖਰਚਾ ਇਨ੍ਹਾਂ ਮੱਦਾਂ ਲਈ ਰਾਖਵਾਂ ਰੱਖਿਆ ਜਾਵੇ।
2. ਬਜਟ ਗਾਈਡ-ਲਾਈਨਜ ਅਨੁਸਾਰ ਦਰਸਾਈਆਂ ਗਈਆਂ ਪੈਂਡਿੰਗ ਲਾਇਬਿਲਟੀਜ਼ ਨੂੰ ਪਹਿਲ ਦੇ ਆਧਾਰ ਤੇ ਖ਼ਤਮ ਕੀਤਾ ਜਾਵੇ।
3. ਕੰਟੀਜੈਂਸੀ ਦਾ ਖਰਚਾ ਪਿਛਲੇ ਸਾਲ ਦੇ ਖਰਚੇ ਨਾਲੋਂ 15% ਘਟਾਇਆ ਜਾਵੇ।
4. ਸੰਸਥਾਵਾਂ ਵੱਲੋਂ ਸਥਾਨਕ ਸੰਸਥਾਂ ਦਾ ਲੇਖਾ-ਜੋਖਾ ਡਬਲ ਐਂਟਰੀ ਸਿਸਟਮ ਦੇ ਅਧਾਰ ਤੇ ਤਿਆਰ ਕੀਤਾ ਜਾਵੇ।
5. ਕਾਰਜ ਸਾਧਕ ਅਫ਼ਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਭਾਗ ਦੀਆਂ ਪ੍ਰਬੰਧਕੀ ਸਾਖਾਵਾਂ ਵੱਲੋਂ ਪ੍ਰਵਾਨ ਵਰਕਸ ਆਈਡੈਂਟੀਫਾਈ ਕਰਕੇ ਕਾਰਜ ਸਾਧਕ ਅਫ਼ਸਰ/ਮਿਊਂਸਪਲ ਇੰਜੀਨੀਅਰ/ਸਹਾਇਕ ਮਿਊਂਸਪਲ ਇੰਜੀਨੀਅਰ ਆਪਣੇ ਹਸਤਾਖਰ ਕਰਕੇ ਨਿਮਨਹਸਤਾਖ਼ਰ ਨੂੰ ਤੁਰੰਤ ਪੇਸ਼ ਕਰਨਗੇ।
6. ਵੱਖ-ਵੱਖ ਸੋਮਿਆਂ ਤੋਂ ਆਮਦਨ ਲਈ ਬਕਾਇਆ ਦੀ ਵਸੂਲੀ 12 ਮਹੀਨੇ ਵਿੱਚ ਵੰਡ ਕੇ ਹਰ ਮਹੀਨੇ ਦੇ ਟਾਰਗੇਟ 10% ਫਿਕਸ ਕੀਤਾ ਜਾਵੇ।
7. ਹਰ ਸਥਾਨਕ ਸੰਸਥਾਂ ਚੱਲ ਰਹੇ ਵਿਕਾਸ ਦੇ ਕੰਮ ਅਤੇ ਅਧੂਰੇ ਕੰਮ ਦੀ ਸੂਚੀ ਵੀ ਨਿਮਨਹਸਤਾਖਰ ਨੂੰ ਤੁਰੰਤ ਪੇਸ਼ ਕੀਤੀ ਜਾਵੇ।
8. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ, ਉਹਨਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਇੱਕ ਮਹੀਨੇ ਦੇ ਅੰਦਰ-ਅੰਦਰ ਸਾਰੇ ਪੈਰੇ ਨਾਲ-ਨਾਲ ਸੈਟਲ ਕਰਵਾਏ ਜਾਣ।
9. ਸਟਾਫ ਦੇ ਡਿਊਜ ਅਤੇ ਵਿਸ਼ੇਸ਼ ਕਰਕੇ ਸੇਵਾ ਨਿਵਿਰਤ ਅਧਿਕਾਰੀਆਂ/ਕਰਮਚਾਰੀਆਂ ਦੇ ਡਿਊਜ ਪਹਿਲ ਦੇ ਆਧਾਰ ਤੇ ਦਿੱਤੇ ਜਾਣ।

10. ਬਜਟ ਵਿੱਚ ਉਪਬੰਧ ਫੰਡਾਂ ਤੋਂ ਵੱਧ ਕੋਈ ਵੀ ਵਿਕਾਸ ਦਾ ਕੰਮ ਨਾ ਕਰਵਾਇਆ ਜਾਵੇ ਤਾਂ ਜੋ ਦੇਣਦਾਰੀਆਂ ਵਿੱਚ ਵਾਧਾ ਨਾ ਹੋਵੇ।

11. ਜੋ ਵਿਕਾਸ ਦੇ ਕੰਮ ਸੀਵਰੇਜ ਬੋਰਡ ਜਾਂ ਕਿਸੇ ਹੋਰ ਅਦਾਰੇ ਤੋਂ ਡਿਪਾਜਿਟ ਵਰਕਸ ਦੇ ਅਧੀਨ ਕਰਵਾਏ ਜਾਂਦੇ ਹਨ ਉਨ੍ਹਾਂ ਵਿਭਾਗਾ ਨਾਲ ਜਮ੍ਹਾਂ ਕਰਵਾਈ ਗਈ ਰਾਸ਼ੀ ਦੀ ਰੀਕਨਸੀਲੇਸ਼ਨ ਹਰ ਤੀਮਾਹੀ ਕੀਤੀ ਜਾਵੇ ਅਤੇ ਜਿਸ ਵਿਭਾਗ ਵੱਲੋਂ ਵੀ ਕੰਮ ਕੀਤਾ ਜਾ ਰਿਹਾ ਹੈ, ਉਸ ਵਿਭਾਗ ਵੱਲੋਂ ਕੰਮ ਲੇਟ ਸ਼ੁਰੂ ਕਰਨ ਅਤੇ ਮਿੱਥੇ ਸਮੇਂ ਅੰਦਰ ਨਾ ਕਰਨ ਅਤੇ ਆਪਣੇ ਪੱਧਰ ਤੇ ਫੰਡਾਂ ਨੂੰ ਕਿਸੇ ਹੋਰ ਕੰਮ ਨੂੰ ਵਰਤਣ ਦੇ ਕਾਰਨ ਸਥਾਨਕ ਸੰਸਥਾਵਾਂ ਨੂੰ ਹੋਏ ਨੁਕਸਾਨ ਬਾਰੇ ਵੀ ਬਜਟ ਵਿੱਚ ਇਹ ਵਿਸ਼ੇਸ਼ ਨੋਟ ਦਿੱਤਾ ਜਾਵੇ। ਹੋਇਆ ਨੁਕਸਾਨ ਸੰਬਧਤ ਵਿਭਾਗ/ਏਜੰਸੀ ਤੋਂ ਕਲੇਮ ਕੀਤਾ ਜਾਵੇ।

12. **JNNURM** ਦੀਆਂ ਸਕੀਮਾਂ ਜਿਵੇਂ ਕਿ **UIG/UIDSSMT/IHSDP/BSUP** ਆਦਿ ਜਿਨ੍ਹਾਂ ਦੀ ਫੰਡਿੰਗ 50:20:30, 70:20:10 ਅਤੇ 80:10:10 ਆਦਿ ਦੇ ਅਨੁਪਾਤ ਵਿੱਚ ਕ੍ਰਮਵਾਰ ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਸੰਬਧਤ ਯੂ.ਐਲ.ਬੀ. ਵੱਲੋਂ ਕੀਤੀ ਜਾਂਦੀ ਹੈ ਅਤੇ ਜਿਨ੍ਹਾਂ ਯੂ.ਐਲ.ਬੀ. ਵਿੱਚ ਅਜਿਹੀਆਂ ਸਕੀਮਾਂ ਚੱਲ ਰਹੀਆਂ ਹਨ ਜਾਂ ਚਾਲੂ ਮਾਲੀ ਸਾਲ ਵਿੱਚ ਚੱਲਣਗੀਆਂ ਉਹ ਨਗਰ ਕੌਂਸਲਾਂ/ਨਗਰ ਪੰਚਾਇਤਾਂ ਅਜਿਹੀਆਂ ਸਕੀਮਾਂ ਵਿੱਚ ਆਪਣੇ ਬਣਦੇ ਹਿੱਸੇ/ਅਨੁਪਾਤ ਵਜੋਂ ਲੋੜੀਂਦੀ (ਵਿਕਾਸ ਦੇ ਕੰਮਾਂ) ਹੋਰ ਫੁਟਕਲ ਖਰਚੇ ਦੀ ਮੱਦ ਵਿੱਚੋਂ ਅਦਾ ਕਰਨਗੀਆਂ।

13. ਕੋਈ ਵੀ ਖਾਲੀ ਪੋਸਟ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਪੁਰ ਨਾ ਕੀਤੀ ਜਾਵੇ।

14. ਕੋਈ ਵੀ ਨਵੀਂ ਗੱਡੀ/ਵਹੀਕਲ/ਮਸ਼ੀਨਰੀ ਸਮਰੱਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਖਰੀਦ ਨਾ ਕੀਤੀ ਜਾਵੇ।

15. ਕੰਟੀਜੈਂਸੀ ਦਾ ਖਰਚਾ ਪਿਛਲੇ ਸਾਲ ਦੇ ਖਰਚੇ ਨਾਲੋਂ 15% ਘਟਾਇਆ ਜਾਵੇ।

16. ਬਜਟ ਵਿੱਚ ਆਮਦਨ ਦਾ ਰੱਖਿਆ ਗਿਆ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫ਼ਸਰ/ਪ੍ਰਧਾਨ ਅਤੇ ਸਮੂਹ ਸਟਾਫ ਜਿੰਮੇਵਾਰ ਹੋਵੇਗਾ।

17. ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੇ ਟੈਕਸਾਂ ਦੀ ਉਗਰਾਹੀ ਨੂੰ ਏਰੀਅਰ ਵਿੱਚ ਨਾ ਆਉਣ ਦਿੱਤਾ ਜਾਵੇ।

18. ਨਗਰ ਕੌਂਸਲ ਦੀਆਂ ਪੁਰਾਣੀਆਂ ਦੇਣਦਾਰੀਆਂ ਕਲੀਅਰ ਕੀਤੀਆਂ ਜਾਣੇ ਵਿਕਾਸ ਦੇ ਨਵੇਂ ਕੰਮ ਉਤਨੀ ਰਕਮ ਦੇ ਹੀ ਕਰਵਾਏ ਜਾਣ ਜਿੰਨੀ ਰਕਮ ਦਾ ਬਜਟ ਉਪਬੰਧ ਹੋਵੇ ਤਾਂ ਜੋ ਦੇਣਦਾਰੀਆਂ ਵਿੱਚ ਵਾਧਾ ਨਾ ਹੋਵੇ।

19. ਨਗਰ ਕੌਂਸਲ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰੇਗੀ।

20. ਕਿਸੇ ਵੀ ਸਥਾਨਕ ਸੰਸਥਾਂ ਦੇ ਸਬੰਧ ਵਿੱਚ ਆਡਿਟ ਵੱਲੋਂ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਇੱਕ ਮਹੀਨੇ ਦੇ ਅੰਦਰ-ਅੰਦਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ।

21. ਪੰਜਾਬ ਮਿਊਂਸਪਲ ਅਕਾਊਟ 1930 ਵਿੱਚ ਕੀਤੇ ਗਏ ਉਪਬੰਧਾ ਅਨੁਸਾਰ ਮਿਨੀਅਮ ਬੈਲੇਸ ਕਾਇਰ ਰੱਖਿਆ ਜਾਵੇ।

ਸਾਲ 2017-2018 ਦੇ ਬਜਟ ਦੀਆਂ 5 ਕਾਪੀਆਂ ਜੀ-ਫਾਰਮ ਵਿੱਚ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਜਾਵੇ।

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।

ਪਿੱਠ ਅੰਕਣ ਨੰ: ਡਡਸਸ-17/ 9109 ਮਿਤੀ : 3-5-17

ਇਸ ਦਾ ਇਕ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।